# PSPS: ਪ੍ਰਣਾਲੀ ਨੂੰ ਮਜ਼ਬੂਤ ਬਣਾਉਣਾ

ਜੰਗਲੀ ਅੱਗਾਂ ਦੀ ਰੋਕਥਾਮ ਕਰਨ ਲਈ ਸਾਡੀਆਂ ਕੋਸ਼ਿਸ਼ਾਂ ਦੇ ਭਾਗ ਵਜੋਂ, ਅਸੀਂ ਆਪਣੀ ਬਿਜਲੀ ਪ੍ਰਣਾਲੀ ਨੂੰ ਮਜ਼ਬੂਤ ਬਣਾ ਰਹੇ ਹਾਂ ਤਾਂ ਜੋ ਜੰਗਲੀ ਅੱਗ ਦੇ ਜੋਖ਼ਮ ਨੂੰ ਹੋਰ ਘਟਾਇਆ ਜਾ ਸਕੇ ਅਤੇ ਪ੍ਰਚੰਡ ਮੌਸਮ ਨੂੰ ਹੋਰ ਬਿਹਤਰ ਤਰੀਕੇ ਨਾਲ ਝੱਲਿਆ ਜਾ ਸਕੇ।

ਅਸੀਂ ਵਧੇਰੇ ਮਜ਼ਬੂਤ ਖੰਭਿਆਂ, ਬਿਜਲੀ ਦੀਆਂ ਢਕੀਆਂ ਹੋਈਆਂ ਲਾਈਨਾਂ ਅਤੇ ਸੇਧਿਤ ਅੰਡਰਗ੍ਰਾਊਂਡਿੰਗ (targeted undergrounding) ਨਾਲ ਸਾਡੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰ ਰਹੇ ਹਾਂ।

ਇਹ ਸੁਧਾਰ ਕਈ ਹਜ਼ਾਰ ਮੀਲਾਂ ਦੇ ਰਸਤੇ ਉੱਤੇ ਕਈ ਸਾਲਾਂ ਵਿੱਚ ਕੀਤੇ ਜਾਣਗੇ ਅਤੇ ਜੰਗਲੀ-ਅੱਗਾਂ ਦੇ ਜੋਖ਼ਮ ਨੂੰ ਘੱਟ ਕਰਨ ਵਿੱਚ ਮਦਦ ਕਰਨਗੇ, ਲੰਬੀ-ਮਿਆਦ ਦੀ ਸੁਰੱਖਿਆ ਵਿੱਚ ਸੁਧਾਰ ਕਰਨਗੇ, ਖਾਸ ਕਰਕੇ ਅੱਗ ਲੱਗਣ ਦੇ ਉੱਚ ਖਤਰੇ ਵਾਲੇ ਸਮਿਆਂ ਦੌਰਾਨ, ਅਤੇ ਸਰਦੀਆਂ ਦੇ ਮੌਸਮ ਵਿੱਚ ਜ਼ਿਕਰਯੋਗ ਤਰੀਕੇ ਨਾਲ ਭਰੋਸੇਯੋਗਤਾ ਵਿੱਚ ਸੁਧਾਰ ਕਰਨਗੇ।

ਅਸੀਂ ਆਪਣੇ ਬੁਨਿਆਦੀ ਢਾਂਚੇ ਦਾ ਲਗਾਤਾਰ ਮੁਲਾਂਕਣ ਕਰ ਰਹੇ ਹਾਂ ਅਤੇ ਇਸਨੂੰ ਅਨੁਕੂਲ ਬਣਾ ਰਹੇ ਹਾਂ ਤਾਂ ਜੋ ਪ੍ਰਣਾਲੀ ਦੀ ਲਚਕਦਾਰਤਾ ਅਤੇ ਸਾਡੇ ਪ੍ਰਾਂਤ ਵਿੱਚ ਤੇਜ਼ੀ ਨਾਲ ਬਦਲ ਰਹੀਆਂ ਵਾਤਾਵਰਣਕ ਹਾਲਤਾਂ ਦਾ ਹੁੰਗਾਰਾ ਦਿੱਤਾ ਜਾ ਸਕੇ।

ਸਾਡਾ ਟੀਚਾ ਹੈ ਕਿ ਇਸ ਸਾਲ ਸੈਂਕੜੇ ਵਿਤਰਣ ਸਰਕਟ ਮੀਲਾਂ ਨੂੰ ਮਜ਼ਬੂਤ ਬਣਾਇਆ ਜਾਵੇ, ਹਾਲਾਂਕਿ ਕੋਈ ਇੱਕ ਅਜਿਹਾ ਹੱਲ ਨਹੀਂ ਹੈ ਜੋ ਪੂਰੀ ਤਰ੍ਹਾਂ ਜੰਗਲੀ ਅੱਗ ਦੇ ਜੋਖ਼ਮ ਨੂੰ ਖਤਮ ਕਰ ਸਕੇ।

ਇਸਦੀ ਬਜਾਏ, PG&E ਜੰਗਲੀ ਅੱਗਾਂ ਦੇ ਜੋਖ਼ਮਾਂ ਨੂੰ ਘੱਟ ਤੋਂ ਘੱਟ ਕਰਨ ਲਈ ਇੱਕ ਤੋਂ ਵਧੇਰੇ ਤੁਰੰਤ ਕਾਰਵਾਈਆਂ ਕਰਕੇ, ਅਤੇ ਨਾਲ ਹੀ ਭਵਿੱਖ ਵਾਸਤੇ ਸਾਡੀ ਬਿਜਲੀ ਪ੍ਰਣਾਲੀ ਦਾ ਪੁਨਰ-ਨਿਰਮਾਣ ਕਰਨ ਲਈ ਲੰਬੀ-ਮਿਆਦ ਦੀਆਂ ਕੋਸ਼ਿਸ਼ਾਂ ਕਰਕੇ ਇਸ ਚੁਣੌਤੀ ਨਾਲ ਨਜਿੱਠ ਰਹੀ ਹੈ।

ਸਾਡੀ ਬਿਜਲੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਇਹ ਸੁਧਾਰ ਸਾਡੀ ਯੋਜਨਾ ਦਾ ਸਿਰਫ਼ ਇੱਕ ਭਾਗ ਹਨ ਤਾਂ ਜੋ ਸਾਡੇ ਗਾਹਕਾਂ ਅਤੇ ਭਾਈਚਾਰਿਆਂ ਵਾਸਤੇ ਜੰਗਲੀ ਅੱਗਾਂ ਦੇ ਜੋਖ਼ਮ ਨੂੰ ਘਟਾਇਆ ਜਾ ਸਕੇ।

ਅਸੀਂ ਸਾਰੇ ਹਰ ਰੋਜ਼ ਬਿਜਲੀ 'ਤੇ ਨਿਰਭਰ ਕਰਦੇ ਹਾਂ ਅਤੇ ਅਸੀਂ ਉਹਨਾਂ ਹੱਲਾਂ ਬਾਬਤ ਸਾਡੇ ਗਾਹਕਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ ਜੋ ਵੱਡੀਆਂ ਜੰਗਲੀ-ਅੱਗਾਂ ਦੀ ਰੋਕਥਾਮ ਕਰ ਸਕਦੇ ਹਨ ਅਤੇ ਸਾਡੇ ਭਾਈਚਾਰਿਆਂ ਨੂੰ ਸਲਾਮਤ ਰੱਖ ਸਕਦੇ ਹਨ। PG&E ਦੇ ਜੰਗਲੀ ਅੱਗ ਤੋਂ ਸੁਰੱਖਿਆ ਸੁਧਾਰਾਂ ਬਾਰੇ ਤਾਜ਼ਾ ਜਾਣਕਾਰੀ ਵਾਸਤੇ, ਦੇਖੋ pge.com/cwsp.